# ਨਗਰ ਨਿਗਮ, ਹੁਸ਼ਿਆਰਪੁਰ
## ਪ੍ਰੈਸ ਨੋਟ

## ਨਗਰ ਨਿਗਮ ਦੇ ਆਊਟ ਸੋਰਸ ਕਰਮਚਾਰੀਆਂ ਨੇ ਆਪਣੀਆਂ ਮੰਗਾ ਸਬੰਧੀ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ 31 ਅਗਸਤ     ਨਗਰ ਨਿਗਮ ਦੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਆਊਟ ਸੋਰਸ ਕਰਮਚਾਰੀਆਂ ਨੇ ਮੇਅਰ ਸ਼ਿਵ ਸੂਦ ਨੂੰ ਉਹਨ੍ਹਾਂ ਦੇ ਦਫਤਰ ਵਿੱਚ ਮਿਲ ਕੇ ਆਪਣੀਆਂ ਮੁਸ਼ਕਲਾਂ ਸਬੰਧੀ ਮੰਗ ਪੱਤਰ ਦਿਦਿੰਆਂ ਦਸਿੱਆ ਕਿ ਆਊਟ ਸੋਰਸ ਰਾਂਹੀ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਮਾਸਿਕ ਤਨਖਾਹ ਅਕਸਰ 15 ਤਾਰੀਖ ਤੋਂ ਬਾਅਦ ਮਿਲ ਰਹੀ ਹੈ। ਜਿਸ ਕਾਰਨ ਕਰਮਚਾਰੀਆਂ ਨੂੰ ਆਪਣੇ ਘਰ ਦੇ ਖਰਚੇ ਚਲਾਉਣ ਵਿੱਚ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ।ਇਸ ਤੋਂ ਇਲਾਵਾ ਉਹਨ੍ਹਾਂ ਦਾ ਈ.ਪੀ.ਐਫ ਸਮੇਂ ਸਿਰ ਜਮ੍ਹਾ ਕਰਵਾਇਆ ਜਾਵੇ ਅਤੇ ਈ.ਐਸ.ਆਈ ਕਾਰਡ ਬਣਾਏ ਜਾਣ। ਉਹਨ੍ਹਾਂ ਨੇ ਮੰਗ ਕੀਤੀ ਕਿ ਆਊਟ ਸੋਰਸ ਕਰਮਚਾਰੀਆਂ ਨੂੰ ਮਹੀਨੇ ਦੀ 7 ਤਾਰੀਖ ਨੂੰ ਦੇਣ ਸਬੰਧੀ ਠੇਕੇਦਾਰ ਨੂੰ ਹਦਾਇਤ ਕੀਤੀ ਜਾਵੇ।ਨਗਰ ਨਿਗਮ ਦੇ ਇੰਸਪੈਕਟਰ ਰਵਿੰਦਰ ਠਾਕੁਰ, ਜ਼ੋਗਿੰਦਰ ਸਿੰਘ ਵੀ ਇਸ ਮੋਕੇ ਤੇ ਉਹਨ੍ਹਾ ਦੇ ਨਾਲ ਸਨ।